


# ਸਾਧਣੀ ਦੇ ਡੇਰੇ ਦੁਪਹਿਰੇ ਦੁੱਧ ਰਿੜਕੇ

ਹਰਪਿੰਦਰ ਰਾਣਾ

ਸਾਡੇ ਸੱਭਿਆਚਾਰ ਦੇ ਲੋਕ ਗੀਤਾਂ ਵਿਚਲੇ ਵਿਆਹ ਵਾਲਾ ਰੰਗ ਹੁਣ ਭਾਵੇਂ ਪੈਲੇਸ ਸੱਭਿਆਚਾਰ ਦੀ ਭੇਂਟ ਚੜ੍ਹ ਚੁੱਕਿਆ ਹੈ ਪ੍ਰੰਤੂ ਹਾਲੇ ਵੀ ਮਾਲਵੇ ਦੇ ਕਈ ਪਿੰਡਾਂ ਵਿਚ ਕੋਈ ਨਾ ਕੋਈ ਪੁਰਾਣੀ ਝਲਕ ਵੇਖਣ ਨੂੰ ਮਿਲ ਜਾਂਦੀ ਹੈ। ਜਦੋਂ ਔਰਤਾਂ ਬਾਰਾਤ ਨਾਲ ਨਹੀਂ ਸਨ ਜਾਂਦੀਆਂ ਤਾਂ ਬਾਰਾਤ ਢੁੱਕਣ ਤੋਂ ਬਾਅਦ ਖਾ ਪੀ ਕੇ ਵਿਹਲੀਆਂ ਹੋਈਆਂ ਨਾਨਕੀਆਂ ਸਾਧ-ਸਾਧਣੀ ਦਾ ਸਾਂਗ ਬਣਾ ਕੇ ਸਾਰੇ ਪਿੰਡ ਵਿਚ ਗੇੜਾ ਦਿੰਦੀਆਂ ਸਨ ਅਤੇ ਸ਼ਰੀਕੇ ਦੇ ਘਰਾਂ ਵਿਚ ਜਾਂਦੀਆਂ ਅਤੇ ਗਿੱਧਾਂ ਪਾ ਕੇ ਖ਼ੂਬ ਰੰਗ ਬੰਨ੍ਹ ਦਿੰਦੀਆਂ ਸਨ ਇਸ ਤਰ੍ਹਾਂ ਵਿਆਹ ਸਾਰੇ ਪਿੰਡ ਵਿਚ ਹੀ ਹੁੰਦਾ ਸੀ।

ਸਾਧ ਦਾ ਸਾਂਗ ਕਰਨ ਵਾਲੀ ਮੇਲਣ ਫੁਲਕਾਰੀ ਦੀ ਗਿਲਤੀ ਮਾਰ ਕੇ, ਨਕਲੀ ਦਾੜ੍ਹੀ-ਮੁੱਛਾਂ ਲਾ ਕੇ ਗਲ ਵਿਚ ਕੋਈ ਮਾਲਾ ਪਾ ਕੇ ਸਿਰ ਤੇ ਪੱਗ ਦਾ ਮੜ੍ਹਾਸਾ ਜਿਹਾ ਮਾਰ ਲੈਂਦੀ ਅਤੇ ਸਾਧਣੀ ਦਾ ਸਾਂਗ ਕਰਨ ਵਾਲੀ ਮੇਲਣ ਵੀ ਆਪਣੇ ਵਾਲ ਖੋਲ੍ਹ ਕੇ ਮੋਢਿਆਂ 'ਤੇ ਖਿਲਾਰ ਲੈਂਦੀ। ਉਵੇਂ ਹੀ ਫੁਲਕਾਰੀ ਦੀ ਗਿਲਤੀ ਜਿਹੀ ਮਾਰ ਲੈਂਦੀ ਅਤੇ ਹੱਥ ਵਿਚ ਚਿਮਟਾ ਚੁੱਕ ਲੈਂਦੀ। ਬਾਕੀ ਦੀਆਂ ਮੇਲਣਾ ਮਗਰ ਮਗਰ ਤੁਰ ਪੈਂਦੀਆਂ ਤੇ ਫਿਰ ਹੋ ਜਾਂਦਾ ਸ਼ੁਰੂ ਪੰਜਾਬੀ ਲੋਕ ਰੰਗ:-

**ਸਾਧ ਜਟੂਰੀਆਂ ਵਾਲੇ ਬਿੱਲੋ ਨੀ ਤੇਰੇ ਬਾਰ ਖੜੇ।**
**ਸਾਧਾਂ ਨੂੰ ਭਿੱਛਿਆ ਪਾ ਦੇ ਸਾਧੂ ਨੀ ਤੇਰੇ ਬਾਰ ਖੜ੍ਹੇ।**

ਬਾਕੀ ਮੇਲਣਾਂ ਗੀਤ ਨੂੰ ਲੈਅ ਨਾਲ ਚੁੱਕਦੀਆਂ ਤਾਂ ਘਰਾਂ ਦੀਆਂ ਤ੍ਰੀਮਤਾਂ ਵੀ ਬੂਹਿਆਂ ਆ ਖੜ੍ਹਦੀਆਂ। ਕੋਈ ਮਨਚਲੀ ਜੇਕਰ ਫਿਕਰਾ ਕੱਸਦੀ, "ਨੀ ਕੀ ਮੰਗਦੇ ਆ ਸਾਧ ਜਟੂਰੀਆਂ ਕੜਕਦਾਰ ਜਵਾਬ ਦਿੰਦਿਆਂ :-

**ਕਣਕ ਨੀ ਮੰਗਦੇ ਛੋਲੇ ਨੀ ਮੰਗਦੇ**
**ਬੇਬੇ ਦੀ ਭਿਛਿਆ ਪਾ ਦੇ**
**ਸਾਧੂ ਨੀ ਤੇਰੇ ਬਾਰ ਖੜੇ।**

ਤੇ ਜਾਂ ਫਿਰ ਹੋਰ ਕੋਈ ਜਵਾਬ ਦਿੰਦੀ।

**ਆਉਂਦੀ ਕੁੜੀਏ, ਜਾਂਦੀ ਕੁੜੀਏ,**
**ਸਾਧਾਂ ਨੂੰ ਭਿੱਛਿਆ ਪਾ ਦੇ**
**ਕਣਕ ਨਹੀਂ ਮੰਗਦੇ ਛੋਲੇ ਨੀ ਮੰਗਦੇ**
**ਭੈਣਾਂ ਦੀ ਬਾਂਹ ਫੜਾ ਦੇ**
**ਸਾਧੂ ਨੀ ਤੇਰੇ ਬਾਰ ਖੜੇ।**

ਸ਼ਰੀਕੇ ਵਾਲੇ ਘਰ ਅਕਸਰ ਦਾਦਕਾਵਾਂ ਮੇਲ ਵਿਚ ਗਿਣੇ ਜਾਂਦੇ, ਇਨ੍ਹਾਂ ਦੇ ਘਰਾਂ ਵਿਚ ਸਾਧ-ਸਾਧਣਾ ਜਾਂਦੇ। ਉਹ ਔਰਤਾਂ ਵੀ ਅੱਗੋਂ ਬੋਲੀਆਂ ਵਿਚ ਹੀ ਮੋੜ ਜਵਾਬ ਦਿੰਦੀਆਂ :

**ਸਾਧਾ ਵੇ ਤੇਰੀ ਸਾਧਣੀ ਪਕੌੜਿਆਂ ਪਿੱਛੇ ਰੁੱਸੀ**
**ਸਾਧਾ ਵੇ ਤੇਰੀ ਸਾਧਣੀ।**

ਤੇ ਜਾਂ ਫਿਰ ਨਾਨਕੇ ਮੇਲ ਦੀ ਸਾਧ-ਸਾਧਣੀ ਵੱਲੋਂ ਪਾਈ ਕਿਸੇ ਚੁੱਭਵੀਂ ਬੋਲੀ ਦੇ ਬਵਾਜ ਵਿਚ ਕਹਿੰਦੀਆਂ :

**ਕਿੱਥੇ ਜਾਏਗਾ ਬੂਥਨਿਆ ਸਾਧਾ**
**ਵੇ ਛੇੜ ਕੇ ਭਰਿੰਡ ਰੰਗੀਆਂ।**

ਪਰ ਸਾਂਗਧਾਰੀ ਮੇਲਣਾ ਕਿਹੜਾ ਕਿਸੇ ਤੋਂ ਘੱਟ ਹੁੰਦੀਆਂ ਹਨ। ਉਹ ਵੀ ਘੜੇ ਘੜਾਏ ਜਵਾਬ ਦਿੰਦੀਆਂ:

**ਜੇ ਕੁੜੀਏ ਤੈਨੂੰ ਨੱਚਣਾ ਨੀ ਆਉਂਦਾ**
**ਗੁੜ ਦੀ ਵੰਡ ਦੇ ਭੇਲੀ**
**ਨੱਚਣਾ ਸਿਖਾ ਦਿਆਂਗੇ ਬਣ ਜਾ ਸਾਧ ਦੀ ਚੇਲੀ।**

ਪਰ ਜ਼ਿਆਦਾਤਰ ਬੋਲੀਆਂ ਸਾਧ-ਸਾਧਣੀ 'ਤੇ ਹੀ ਪਾਈਆਂ ਜਾਂਦੀਆਂ ਜਿਵੇਂ:

**'ਵੇ ਸਾਧਾ ਪੀ ਲੈ ਕਮੰਡਲੀ ਸ਼ਰਬਤ ਦੀ।'**

ਸਾਧਣੀ ਬਣੀ ਮੇਲਣ ਬੋਲੀ ਪਾਉਂਦੀ-

**ਜਿੱਦੋਂ ਦੀ ਮੈਂ ਹੋ ਗਈ ਸਾਧਣੀ**
**ਪਊਏ ਰੱਖਦੀ ਘੁੰਗਰਿਆਂ ਵਾਲੇ**
**ਬਈ ਜਿੱਦੋਂ ਦੀ ਮੈਂ ਹੋ ਗੀ ਸਾਧਣੀ।**

ਕਾਫੀ ਸੇਰ ਘਰਾਂ ਵਿਚ ਜਾਂਦੀਆਂ ਔਰਤਾਂ ਹਰ ਘਰ ਵਿਚ ਜਾ ਕੇ ਨਵੀਆਂ ਬੋਲੀਆਂ ਪਾਉਂਦੀਆਂ। ਇੰਝ ਲੱਗਦਾ ਜਿਵੇਂ ਉਨ੍ਹਾਂ ਦੇ ਅੰਦਰ ਬੋਲੀਆਂ ਦਾ ਦਰਿਆ ਵਗਦਾ ਹੋਵੇ। ਕਈ ਔਰਤਾਂ ਤਾਂ ਖੜ੍ਹੀਆਂ-ਖੜ੍ਹੀਆਂ ਹੀ ਬੋਲੀ ਜੋੜ ਲੈਂਦੀਆਂ ਜਿਵੇਂ :

**'ਸਾਧਣੀ ਦੇ ਡੇਰੇ, ਦੁਪਹਿਰੇ ਦੁੱਧ ਰਿੜਕੇ।**
**'ਸਾਧਣੀ ਦੇ ਡੇਰੇ, ਘਮ ਮਧਾਈ ਵੱਜੇ।**

ਤਾਂ ਸਾਰੇ ਗਰੁੱਪ ਵਿਚ ਹਾਸੜ ਮੱਚ ਜਾਂਦੀ। ਫਿਰਨੀ ਫਿਰਨੀ ਤੁਰਦੀਆਂ ਜਾਂ ਇਕ ਘਰ ਤੋਂ ਦੂਜੇ ਘਰ ਜਾਂਦੀਆਂ ਉਹ ਰਾਹ ਚਲਦਿਆਂ ਨੂੰ ਵੀ ਮਸ਼ਕਰੀਆਂ ਕਰਦੀਆਂ :

**ਕਹਿੰਦੇ ਪਿੰਡ ਬੜਾ ਸਰਦਾਰ**
**ਨੀ ਦਰਵਾਜ਼ਾ ਹੈ ਨੀ।**
**ਇਹ ਤਾਂ ਬਹਿਣ ਕੌਲਿਆਂ ਨਾਲ**
**ਨੀ ਦਰਵਾਜ਼ਾ ਹੈ ਨੀ।**

ਸਾਰੇ ਪਿੰਡ ਵਿਚ ਹਾਸੇ ਦੀਆਂ ਖਿੱਲਾਂ ਖਲਾਰਦਾ ਇਹ ਸਾਧ-ਸਾਧਣੀ ਦਾ ਗਰੁੱਪ ਟਿੱਚਰਾਂ ਕਰਦਾ ਤੁਰਿਆ ਜਾਂਦਾ। ਨੌਜਵਾਨਾਂ ਦੀ ਕੋਈ ਟੋਲੀ ਦੇਖ ਕੇ ਬੋਲੀ ਪਾ ਦਿੰਦਾ :

**ਸੱਚ ਦੇ ਬਚਨ ਵਿਚ ਦੋਹਣੇ**
**ਬਈ ਇਥੋਂ ਦਿਆਂ ਮੁੰਡਿਆਂ ਤੋਂ**
**ਸਾਡੀ ਕੁੱਤੀ ਦੇ ਕਤੂਰੇ ਸੋਹਣੇ।**

ਵਿਹਲੜ ਅਧਖੜਾਂ ਦੀ ਢਾਣੀ ਨੂੰ ਵੇਖ ਕੇ ਇਹ ਔਰਤਾਂ ਬੋਲੀ ਚੁੱਕਦੀਆਂ :

**ਆਉਂਦੀ ਕੁੜੀਏ ਜਾਂਦੀ ਕੁੜੀਏ**
**ਚੁੱਕ ਲਿਆ ਟੋਕਰਾ ਨੜਿਆਂ ਦਾ**
**ਕਿਥੇ ਲਾਹੇਂਗੀ, ਨੀ ਕਿੱਥੇ ਲਾਹੇਂਗੀ**
**ਇਹ ਪਿੰਡ ਛੜਿਆਂ ਦਾ।**

ਹਰ ਪਿੰਡ ਵਿਚ ਬਾਣੀਏ ਦੀ ਹੱਟੀ ਤਾਂ ਜ਼ਰੂਰ ਹੁੰਦੀ ਸੀ। ਬਾਣੀਏ ਦਾ ਜ਼ਿਕਰ ਖਾਸ ਕਰ ਲੋਕ ਗੀਤਾਂ ਤੇ ਲੋਕ ਬੋਲੀਆਂ ਵਿਚ ਜ਼ਰੂਰ ਆਉਂਦਾ:

**ਬੱਲੇ ਬੱਲੇ ਬਈ ਹੱਟੀ ਵਿਚ ਸ਼ੇਰ ਬਾਣੀਆ**
**ਬਾਹਰ ਨਿਕਲੇ ਗਿੱਦੜ ਬਣ ਜਾਵੇ।**

ਤੇ ਮਗਰੇ ਹੀ ਕੋਈ ਹੋਰ ਜਣਾ ਤੁਕ ਨਾਲ ਤੁਕ ਮਿਲਾ ਦਿੰਦੀ :

**ਸੱਚ ਦੇ ਬਚਨ ਵਿਚ ਆਨਾ**
**ਬਈ ਬਾਣੀਏ ਤੋਂ ਡੱਡ ਮਰਗੀ**
**ਹੁਣ ਕੌਣ ਭਰੂ ਹਰਜਨਾ।**

ਮਸਤ ਹੋਈਆਂ ਮੇਲਣਾ ਹਾਸੇ ਠੱਠੇ ਵਿਚ ਤਾਂ ਕਿਸੇ ਬਜ਼ੁਰਗ ਨੂੰ ਵੀ ਨਾ ਬਖਸ਼ਦੀਆਂ :

**ਡੋਲ ਖੂਹੀ ਤੋਂ ਲਿਆਂਦੇ ਭਰ ਕੇ**
**ਬੁੜ੍ਹੇ ਨੂੰ ਲੈ ਗੀ ਇੱਲ ਚੁੱਕ ਕੇ**
**ਬੁੜ੍ਹੀ ਵੇਖਦੀ ਮੱਥੇ 'ਤੇ ਹੱਥ ਧਰਕੇ।**

ਇਸ ਸਾਂਗ ਘਰ ਦੇ ਖਲਜਗਣਾਂ ਕੰਮਾਂ ਕਾਰਾਂ ਤੇ ਲਾਂਭੇ ਹੋ ਕੇ ਘਰ ਦੇ ਮਰਦਾਂ ਦੀ ਗੈਰ-ਹਾਜ਼ਰੀ ਵਿਚ ਔਰਤਾਂ ਲਈ ਚੰਗੇ ਸ਼ੁਗਲ ਮੇਲੇ ਦਾ ਸਾਧਨ ਵੀ ਸੀ।

# "ਲੋਕ ਚਿੱਠੀਆਂ ਪਾਉਣੀਆਂ ਭੁੱਲ ਗਏ ਜਦੋਂ ਦਾ..."

ਸਾਰੇ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਦੇ ਰਾਹਵਾਂ 'ਤੇ ਟੰਗੇ ਅਤੇ ਚਬੂਤਰਿਆਂ ਉੱਤੇ ਰੱਖੇ ਲਾਲ ਰੰਗ ਦੇ ਬਕਸੇ ਜਿਨ੍ਹਾਂ ਨੂੰ ਅਸੀਂ ਲੈਟਰ ਬਾਕਸ ਵੀ ਆਖਦੇ ਹਾਂ, ਕਦੇ ਲੋਕਾਂ ਨੂੰ ਇਕ ਜਗ੍ਹਾ ਤੋਂ ਦੂਜੀ ਥਾਂ ਬੈਠੇ ਆਪਣੀਆਂ ਨੂੰ ਮਿਲਾਉਣ ਅਤੇ ਰਾਸਤੇ ਦੇ ਸਾਧਨ ਹੁੰਦੇ ਸਨ। ਅੱਜ ਬਦਲੇ ਸਮੇਂ 'ਚ ਵੀਰਾਨ, ਸੁੰਨੇ ਅਤੇ ਗੈਰ ਜ਼ਰੂਰੀ ਵਸਤੂ ਵਾਂਗ ਪਏ ਆਮ ਦੇਖੇ ਜਾ ਸਕਦੇ ਹਨ। ਇਕ ਵਕਤ ਸੀ ਜਦੋਂ ਲੋਕ ਆਪਣਿਆਂ ਦੇ ਸੁੱਖ ਸੁਨੇਹਿਆਂ ਦੀ ਉਡੀਕ 'ਚ ਇਨ੍ਹਾਂ ਨੂੰ ਬੜੀ ਹਸਰਤ ਅਤੇ ਮੋਹ ਭਰੀਆਂ ਨਜ਼ਰਾਂ ਨਾਲ ਦੇਖਦੇ ਸਨ। ਅੱਜ ਇਹ ਸਾਡੀ ਬੇਰੁੱਖੀ ਅਤੇ ਸਮੇਂ ਦੇ ਬਦਲਾਅ 'ਚ ਬੇ-ਵਸ ਅਤੇ ਲਾਚਾਰਗੀ ਦੀ ਦਸ਼ਾ ਵਿਚ ਆਪਣੀਆਂ ਥਾਵਾਂ ਤੇ ਟੰਗੇ ਨਜ਼ਰ ਆਉਂਦੇ ਹਨ।




ਅੱਜ ਟੈਲੀਫ਼ੋਨ, ਮੋਬਾਇਲ, ਐਸ.ਐਮ.ਐਸ., ਇੰਟਰਨੈਟ ਅਤੇ ਹੋਰ ਆਧੁਨਿਕ ਸਾਧਨਾਂ ਨੇ ਦੁਨੀਆਂ ਨੂੰ ਪਰਿਵਾਰ ਵਾਂਗ ਇਕ ਦੂਸਰੇ ਨਾਲ ਜੋੜ ਦਿੱਤਾ ਹੈ। ਹੁਣ ਅਸੀਂ ਆਪਣੀ ਗੱਲ ਘੰਟਿਆਂ ਮਿੰਟਾਂ 'ਚ ਬੱਸ ਸੈਕਿੰਟਾਂ ਵਿਚ ਕਹਿ ਸਕਦੇ ਹਾਂ ਅਤੇ ਸੁਣ ਸਕਦੇ ਹਾਂ। ਅੱਜ ਦੀ ਤੇਜ਼ ਰਫ਼ਤਾਰ ਦੁਨੀਆਂ ਵਿਚ ਇੰਤਜ਼ਾਰ ਲਈ ਵਕਤ ਅਤੇ ਧੀਰਜ ਕਿਸੇ ਕੋਲ ਨਹੀਂ ਰਿਹਾ। ਅਸੀਂ ਆਪਣੀਆਂ ਵਿਚਾਰਾਂ ਅਤੇ ਫ਼ੁਰਨਿਆਂ ਨੂੰ ਤੁਰੰਤ ਤਰੰਗਾਂ 'ਚ ਛੱਡਦੇ ਅਤੇ ਦੂਸਰਿਆਂ ਨਾਲ ਜੁੜਿਆ ਮਹਿਸੂਸ ਕਰਦੇ ਹਾਂ।

ਹੁਣ ਕਬੂਤਰ ਆ-ਆ ਕੋਈ ਨਹੀਂ ਕਹਿੰਦਾ। ਡਾਕੀਏ ਦੀ ਰਾਹ ਕੋਈ ਨਹੀਂ ਤੱਕਦਾ। ਚਿੱਠੀਆਂ ਨੂੰ ਚੁੰਮ-ਚੁੰਮ ਮੱਥੇ ਨਾਲ ਕੋਈ ਨਹੀਂ ਲਾਉਂਦਾ ਅਤੇ ਇਨ੍ਹਾਂ ਲੈਟਰ ਬਾਕਸਾਂ ਦੀ ਵਕਤ ਦੀ ਧੂੜ ਹੇਠ ਗੁਆਚਦੀ ਹੋਂਦ ਅਤੇ ਵੀਰਾਨਗੀ ਨੂੰ ਦੇਖਣ ਅਤੇ ਸੰਭਾਲਣ ਵਾਲਾ ਕੋਈ ਨਹੀਂ ਦਿਸਦਾ। ਅੱਜ ਆਧੁਨਿਕਤਾ ਦੇ ਦੌਰ 'ਚ ਅਸੀਂ ਭਾਵੇਂ ਬਹੁਤ ਵਿਕਸਤ ਅਤੇ ਤੇਜ਼ ਹੋ ਗਏ ਹਾਂ ਪਰ ਇਸ ਦਾ ਅਰਥ ਇਹ ਬਿਲਕੁਲ ਨਹੀਂ ਕਿ ਸਾਡਾ ਬੀਤਿਆ ਕੱਲ ਪੱਛੜਿਆ ਹੋਇਆ ਜਾਂ ਗੈਰ ਜ਼ਰੂਰੀ ਸੀ। ਚਿੱਠੀਆਂ ਦੇ ਸੁਨੇਹਿਆਂ ਵਿਚ ਇਕ ਅਲੱਗ ਮੋਹ ਅਤੇ ਜਜ਼ਬਾਤਾਂ ਦੀ ਤਫ਼ਸੀਲ ਹੁੰਦੀ ਸੀ। ਮਾਵਾਂ ਆਪ ਦੂਰ ਦੁਰੇਡੇ ਬੈਠੇ ਆਪਣੇ ਪੁੱਤਰਾਂ ਨੂੰ ਚਿੱਠੀਆਂ ਰਾਹੀਂ ਲੋਰੀਆਂ ਅਤੇ ਅਸੀਸਾਂ ਭੇਜਦੀਆਂ ਸਨ। ਭੈਣਾਂ ਵੀਰਾਂ ਨੂੰ ਰੱਖੜੀ ਅਤੇ ਦੁਆਵਾਂ ਘੱਲਦੀਆਂ ਸਨ। ਦੇਸ਼ ਦੀਆਂ ਸਰਹੱਦਾਂ ਉੱਪਰ ਵਿਕਟ ਥਾਵਾਂ 'ਤੇ ਬੈਠੇ ਵੀਰ ਸੈਨਿਕਾਂ ਨੂੰ ਚਿੱਠੀਆਂ ਉਨ੍ਹਾਂ ਦੇ ਘਰਾਂ ਦੇ ਸੁੱਖ ਸੁਨੇਹੇ ਪਹੁੰਚਾਉਂਦੀਆਂ ਸਨ। ਪ੍ਰਦੇਸ਼ਾਂ ਵਿਚ ਬੈਠੇ ਪ੍ਰਦੇਸ਼ੀਆਂ ਨੂੰ ਆਪਣਿਆਂ ਨਾਲ ਮਿਲਾਉਣ ਲਈ ਚਿੱਠੀਆਂ ਇਕ ਕੜੀ ਅਤੇ ਗਲਵਕੜੀ ਦੇ ਨਿੱਘ ਵਾਂਗ ਸਨ।

ਹੁਣ ਅਸੀਂ ਇਕ ਦੂਸਰੇ ਦੇ ਕਰੀਬ ਹੋ ਕੇ ਵੀ ਪਤਾ ਨਹੀਂ ਕਿਉਂ ਦੂਰ-ਦੂਰ ਹੁੰਦਾ ਜਾ ਰਹੇ ਹਾਂ। ਸ਼ਾਇਦ ਸਾਡਿਆਂ ਅਹਿਸਾਸਾਂ, ਸਾਡੀਆਂ ਭਾਵਨਾਵਾਂ ਦੇ ਵਹਿਮ ਦਾ ਰੌਅ ਕਿਸੇ ਉਲਟ ਦਿਸ਼ਾ ਵੱਲ ਰਹਿ ਰਿਹਾ ਹੈ। ਅਸੀਂ ਦੂਸਰਿਆਂ ਨੂੰ ਇਕ ਵਸਤੂ ਵਾਂਗ ਵਰਤਣ ਅਤੇ ਰਿਸ਼ਤਿਆਂ ਨੂੰ ਇਕ ਮਜ਼ਬੂਰੀ ਵਾਂਗ ਢਣ ਦੇ ਦੌਰ ਵੱਲ ਵੱਧ ਰਹੇ ਹਾਂ। ਮਾਂ-ਬਾਪ ਦੀਆਂ ਅਸੀਸਾਂ ਦੀ ਆਵਾਜ਼ ਅੱਜ ਮੋਬਾਇਲ ਦੀਆਂ ਰਿੰਗ ਟਿਊਨਾਂ ਦੇ ਸ਼ੋਰ ਵਿਚ ਗੁਆਚ ਗਈ ਹੈ। ਦੂਸਰਿਆਂ ਨੂੰ ਸਮਝਣ, ਉਨ੍ਹਾਂ ਦੇ ਦੁੱਖ ਦਰਦ ਨੂੰ ਸਮਝਣ ਤੇ ਉਨ੍ਹਾਂ ਨੂੰ ਵੰਡਾਉਣ ਤੋਂ ਅੱਜ ਅਸੀਂ ਘਬਰਾ ਰਹੇ ਹਾਂ ਕਿਉਂਕਿ ਅੱਜ ਅਸੀਂ ਸ਼ਾਇਦ ਆਪਣੇ ਆਪ ਤੋਂ ਹੀ ਬਹੁਤ ਦੂਰ ਹੁੰਦੇ ਜਾ ਰਹੇ ਹਾਂ। ਚਿੱਠੀਆਂ ਪੱਤਰਾਂ ਰਾਹੀਂ ਦਿਲ ਦੀਆਂ ਗੱਲਾਂ ਨੂੰ ਲਫ਼ਜ਼ਾਂ 'ਚ ਉਕਰਨਾ, ਪੜ੍ਹਨਾ ਅਤੇ ਫਿਰ ਉਨ੍ਹਾਂ ਦੇ ਜੁਆਬ ਬਣਨਾ ਅੱਜ ਵਕਤ ਦੀ ਕਾਹਲ ਦੇ ਪੈਰਾਂ ਹੇਠ ਮਧੋਲਿਆ ਗਿਆ ਹੈ। ਅੱਜ ਅਸੀਂ ਚਾਹੇ ਮਿੰਟਾਂ ਸਕਿੰਟਾਂ 'ਚ ਦੂਸਰਿਆਂ ਦੇ ਨਾਲ ਗੱਲ ਕਰ ਸਕਦੇ ਹਾਂ ਅਤੇ ਉਨ੍ਹਾਂ ਦੀ ਗੱਲ ਸੁਣ ਸਕਦੇ ਹਾਂ, ਪਰ ਇਸ ਸਭ ਕੁਝ ਦੇ ਬਾਵਜੂਦ ਅਸੀਂ ਬਹੁਤੁ ਕਝ ਛੁਪਾਉਣ ਅਤੇ ਮਸ਼ੀਨ ਦੀ ਭਾਸ਼ਾ 'ਚ ਗਿਣਿਆ ਮਿੱਥਿਆ ਬੋਲਣਾ ਸਿਖ ਲਿਆ ਹੈ। ਆਪਣਿਆਂ ਦੀ ਅਪਣਤ, ਰਿਸ਼ਤਿਆਂ ਦਾ ਨਿੱਘ, ਦਿਲਾਂ ਦੀ ਸੱਚਾਈ ਅਤੇ ਨਜ਼ਦੀਕੀ ਦਾ ਅਹਿਸਾਸ ਚਿੱਠੀਆਂ ਰਾਹੀਂ ਸਾਡੇ ਤੱਕ ਪੁੱਜਦਾ ਸੀ, ਕਿਤੇ ਨਾ ਕਿਤੇ ਅਸੀਂ ਅੱਜ ਇਨ੍ਹਾਂ ਤੋਂ ਸੱਖਣੇ ਅਤੇ ਵਿਰਵੇ ਹੁੰਦੇ ਜਾ ਰਹੇ ਹਾਂ। ਰਾਹਵਾਂ ਚੁਰਸਤਿਆਂ ਤੇ ਟੰਗੇ ਖਾਲੀ ਲੈਟਰ ਬਾਕਸਾਂ ਵਾਂਗ ਅਸੀਂ ਆਪਣੇ ਆਪ ਨੂੰ ਭਾਵਨਾਵਾਂ ਅਤੇ ਸੱਚੀਆਂ ਸੰਵੇਦਨਾਵਾਂ ਤੋਂ ਸੱਖਣੇ ਮਹਿਸੂਸ ਕਰਦੇ ਹਾਂ।

## ਖਜ਼ੂਰਾਂ ਦੇ ਪੱਤਿਆਂ ਨਾਲ ਸਜਾਵਟੀ ਟੋਕਰੀਆਂ ਬਣਾਉਣ ਵਿਚ ਮਾਹਿਰ ਸ਼ਖਸ਼ੀਅਤ ਹਰੀ ਓਮ

ਜਸਪਾਲ ਸਿੰਘ ਲੋਹਾਮ

ਭਾਰਤ ਦੇ ਵੱਖ ਵੱਖ ਸੂਬਿਆਂ ਵਿਚੋਂ ਆਏ ਮਿਹਨਤੀ ਲੋਕ ਵੀ ਕਿਸੇ ਤੋਂ ਘੱਟ ਨਹੀਂ ਅਤੇ ਅਜਿਹੀਆਂ ਨਿਪੁੰਨ ਸ਼ਖਸ਼ੀਅਤਾਂ ਜਿੱਧਰ ਵੀ ਜਾ ਕੇ ਕੰਮ ਕਰਨ ਉਹ ਮੋਹਰੀ ਹੋ ਕੇ ਦੂਸਰਿਆਂ ਤੋਂ ਅੱਗੇ ਨਿਕਲ ਜਾਂਦੀਆਂ ਹਨ ਅਤੇ ਆਪਣੀ ਨਿਵੇਕਲੀ ਪਹਿਚਾਣ ਬਣਾ ਜਾਂਦੇ ਹਨ ਅਤੇ ਅਜਿਹੀ ਸ਼ਖਸ਼ੀਅਤ ਦਾ ਨਾਂਅ ਹੈ ਹਰੀ ਓਮ। ਉਹ ਮੁਰਾਦਾਬਾਦ ਯੂ.ਪੀ. ਹਾਲਆਬਾਦ ਨੇੜੇ ਨੀਲੋਂ ਪੁਲ ਜਿਲ੍ਹਾ ਲੁਧਿਆਣਾ ਵਿਖੇ ਰਹਿ ਰਿਹਾ ਹੈ। ਉਹ ਪੁਲ ਦੇ ਨੇੜੇ ਹੀ ਆਪਣੇ ਪਰਿਵਾਰ ਨਾਲ ਸੜਕ ਦੇ ਕਿਨਾਰੇ ਬੈਠਾ ਹੈ ਅਤੇ ਆਪਣੇ ਦਾਤਰੇ ਨਾਲ ਖਜੂਰ ਦੇ ਪੱਤਿਆਂ ਨੂੰ ਕੱਟ ਕੇ ਸੁੰਦਰ ਟੋਕਰੀਆਂ, ਪੱਖੀਆਂ ਅਤੇ ਝਾੜੂ ਆਦਿ ਬਣਾਉਂਦਾ ਹੈ। ਉਸਦੇ ਘਰ ਦੇ ਪੰਜ ਮੈਂਬਰ ਇਸ ਕੰਮ ਵਿਚ ਹੱਥ ਵਟਾ ਰਹੇ ਹਨ ਅਤੇ ਸਾਰੇ ਹੀ ਸਖ਼ਤ ਮਿਹਨਤ ਕਰ ਰਹੇ ਹਨ। ਜਿਹੜੀਆਂ ਚੀਜਾਂ ਉਹ ਬਣਾਉਂਦਾ ਹੈ ਉਸਨੇ ਉਹ ਪੁਲ ਦੇ ਨੇੜੇ ਕਿਨਾਰੇ 'ਤੇ ਰੱਖੀਆਂ ਹਨ ਅਤੇ ਹਰ ਇਕ ਰਾਹਗੀਰ ਦੀ ਸਿੱਧੀ ਨਿਗ੍ਹਾ ਇਥੇ ਪੈਂਦੀ ਹੈ ਅਤੇ ਇਹ ਸਭ ਦੇਖ ਕੇ ਹਰ ਆਦਮੀ ਖਿੱਚਿਆ ਚੱਲਿਆ ਆਉਂਦਾ ਹੈ ਅਤੇ ਦੇਖਣ ਵਾਲਾ ਸਮਾਨ ਖਰੀਦਣ ਲਈ ਆਪਣਾ ਮਨ ਬਣਾ ਲੈਂਦਾ ਹੈ ਕਿ ਕੁੱਝ ਨਾਂ ਕੁੱਝ ਖਰੀਦ ਹੀ ਲਵਾਂ ਅਤੇ ਇਸ ਨੂੰ ਆਪਣੇ ਘਰ ਵਿਚ ਸਜਾਵਟ ਲਈ ਥਾਂ ਦਿਆਂਗਾ। ਉਸ ਨੂੰ ਮਿਲਣ ਅਤੇ ਗੱਲਬਾਤ ਦੌਰਾਨ ਪਤਾ ਚੱਲਿਆ ਕਿ ਉਹ ਆਪਣੇ ਕੰਮਕਾਰ ਲਈ ਕੱਚਾ ਮਾਲ ਖਜੂਰਾਂ ਦੇ ਪੱਤੇ 2500-3000 ਰੁਪਏ ਦੇ ਹਿਸਾਬ ਨਾਲ ਚਮਕੌਰ ਸਾਹਿਬ ਦੇ ਖੇਤਰ ਤੋਂ ਖਰੀਦ ਕੇ ਲਿਆਉਂਦਾ ਹੈ ਅਤੇ ਇਸ ਕੰਮ ਲਈ ਉਸਨੂੰ ਭਾਰੀ ਕੀਮਤ ਅਦਾ ਕਰਨੀ ਪੈਂਦੀ ਹੈ। ਉਹ ਆਪਣੇ ਬਣਾਏ ਸਮਾਨ ਦੀ ਦਿੱਖ ਨੂੰ ਹੋਰ ਸੁਧਾਰਨ ਲਈ ਕਈ ਤਰ੍ਹਾਂ ਦੇ ਰੰਗ ਲਾਲ, ਹਰਾ ਅਤੇ ਨੀਲਾ ਵਰਤਦਾ ਹੈ ਅਤੇ ਇਸ ਤਰ੍ਹਾਂ ਉਸਦੀ ਬਣਾਈ ਹਰ ਚੀਜ਼ ਖੂਬਸੂਰਤ ਨਜ਼ਰ ਆਉਂਦੀ ਹੈ ਅਤੇ ਦੂਰੋਂ ਹਰ ਕੋਈ ਖਰੀਦਣ ਲਈ ਇੱਕਦਵਾਰ ਭੱਜਿਆ ਆਉਂਦਾ ਹੈ। ਉਸਦੇ ਘਰ ਦੇ ਸਾਰੇ ਮੈਂਬਰ 6070 ਰੁਪਏ ਦਿਹਾੜੀ ਕਮਾ ਲੈਂਦੇ ਹਨ। ਵਾਕਿਆ ਹੱਥੀਂ ਕੰਮ ਕਰਨ ਵਾਲੇ ਕਿਤੇ ਵੀ ਭੁੱਖੇ ਨਹੀਂ ਮਰਦੇ ਅਤੇ ਸਿਰਫ਼ ਉਨ੍ਹਾਂ ਦੇ ਮਨ ਵਿਚ ਕੰਮ ਕਰਨ ਦਾ ਦ੍ਰਿੜ ਇਰਾਦਾ ਹੋਵੇ ਅਤੇ ਅਜਿਹੀ ਮਿਹਨਤ ਫ਼ਿਰ ਰੰਗ ਲੈ ਹੀ ਆਉਂਦੀ ਹੈ। ਕੁਦਰਤ ਕਰੇ ਅਜਿਹੇ ਮਿਹਨਤੀ ਲੋਕ ਆਪਣੇ ਇਰਾਦਿਆਂ ਵਿਚ ਸਫ਼ਲ ਹੋਣ ਅਤੇ ਆਪਣਾ ਜੀਵਨ ਚੰਗੀ ਤਰ੍ਹਾਂ ਬਸਰ ਕਰਨ।